# ਨਾਵਲ :- ਚਿੱਟਾ ਲਹੂ
## (ਨਾਨਕ ਸਿੰਘ)

ਚਿੱਟਾ ਲਹੂ ਨਾਵਲ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ 'ਨਾਨਕ ਸਿੰਘ' ਦੀ ਰਚਨਾ ਹੈ। ਇਸ ਦਾ ਜਨਮ 4 ਜੁਲਾਈ, 1897 ਈ. ਭਾਈ ਬਹਾਦਰ ਚੰਦ ਸੂਰੀ ਦੇ ਘਰ ਮਾਤਾ 'ਲਛਮੀ' ਦੀ ਕੁੱਖੋਂ ਪਿੰਡ 'ਚੱਕ ਹਮੀਦ' ਜਿਲਾ ਜੇਹਲਮ ਵਿਚ ਹੋਇਆ। ਮਾਪਿਆਂ ਨੇ ਇਹਨਾਂ ਦਾ ਨਾਮ ਹੰਸ ਰਾਜ ਰੱਖਿਆ। ਉਸ ਦੇ ਜੀਵਨ ਉੱਤੇ ਜਿਹਨਾਂ ਪ੍ਰਮੁੱਖ ਸ਼ਖਸੀਅਤਾਂ ਦਾ ਪ੍ਰਭਾਵ ਪਿਆ ਉਹਨਾਂ ਦੇ ਨਾਂ ਹਨ-ਗਿਆਨੀ ਬਾਗ ਸਿੰਘ, ਮੁਨਸ਼ੀ ਪ੍ਰੇਮ ਚੰਦ, ਸਰਦਾਰ ਗੁਰਬਖਸ਼ ਸਿੰਘ ਪੰਜਾਬੀ ਨਾਵਲ ਦੇ ਖੇਤਰ ਵਿਚ ਉਸਦੇ ਪ੍ਰਵੇਸ਼ ਨਾਲ ਕੇਵਲ ਮੁਹਾਂਦਰਾ ਹੀ ਨਹੀਂ ਬਦਲਦਾ, ਆਸਮਾਨ ਹੀ ਬਦਲਦਾ ਹੈ।

ਨਾਨਕ ਸਿੰਘ ਦਾ ਆਸਮਾਨੀ ਤੋਂ ਪਹਿਲਾਂ ਦਾ ਵਰਣਯੋਗ ਨਾਵਲ 'ਚਿੱਟਾ ਲਹੂ' ਹੈ। ਇਹ ਨਾਵਲ 1932 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਨਾਵਲ ਦੀ ਭੂਮਿਕਾ ਉਸ ਸਮੇਂ ਦੇ ਪ੍ਰਸਿੱਧ ਸਾਹਿਤ-ਚਿੰਤਕ ਪ੍ਰਿੰਸੀਪਲ ਤੇਜਾ ਸਿੰਘ ਨੇ ਲਿਖੀ ਸੀ। ਇਹ ਨਾਵਲ ਲਿਖਣ ਤੋਂ ਪਹਿਲਾ ਨਾਨਕ ਸਿੰਘ ਦੇ ਜਿਹੜੇ ਚਾਰ ਨਾਵਲ, ਮਤਰੇਈ ਮਾਂ, ਕਾਲ-ਚੱਕਰ, ਮਿੱਠਾ ਮਹੁਰਾ ਅਤੇ ਪ੍ਰੇਮ-ਸੰਗੀਤ ਛਪੇ ਸਨ। ਨਾਨਕ ਸਿੰਘ ਦੇ ਸਾਰੇ ਨਾਵਲ ਸਮਾਜਿਕ ਸੁਧਾਰਕ, ਪ੍ਰਗਤੀਸ਼ੀਲ, ਵਿਕਾਸਵਾਦੀ, ਨਵੀਆਂ ਉਮੰਗਾਂ ਆਦਿ ਤੱਤਾਂ ਨਾਲ ਭਰਪੂਰ ਹਨ ਪਰ ਨਾਨਕ ਸਿੰਘ ਦਾ ਚਿੱਟਾ ਲਹੂ ਨਾਵਲ ਬਹੁਤ ਪ੍ਰਸਿੱਧ ਹੋਇਆ। ਨਾਨਕ ਸਿੰਘ ਦੇ ਹਰੇਕ ਨਾਵਲ ਵਿਚੋਂ ਆਦਰਸ਼ ਨਾਇਕ-ਨਾਇਕਾ ਦੀ ਤਸਵੀਰ ਦੀ

Signature ____________

ਮਿਲਦੀ ਹੈ।

ਇਸ ਨਾਵਲ ਦਾ ਵਿਸ਼ਾ ਦੋ ਇਸਤਰੀਆਂ ਮਾਂਵਾਂ-ਧੀਆਂ ਦੀ ਜੀਵਨ ਲੀਲਾ ਨਾਲ ਸੰਬੰਧਿਤ ਹੈ। ਇਸ ਵਿਚ ਹਿੰਦੂ ਜਾਗੀਰਦਾਰੀ ਸਮਾਜ ਦੀ ਸੰਸਕ੍ਰਿਤੀ ਦੇ ਹੱਥੋਂ ਸਤੀ ਹੋਈ ਇਸਤਰੀ ਦੀ ਦੁਰਦਸ਼ਾ ਹੈ। ਜਾਗੀਰਦਾਰੀ ਢਾਂਚੇ ਦੀ ਸੰਸਕ੍ਰਿਤੀ ਧਰਮ, ਜਾਤ-ਪਾਤ ਅਤੇ ਪੁਰਸ਼ ਪ੍ਰਧਾਨ ਆਦਿ ਸੰਸਥਾਵਾਂ ਦੁਆਲੇ ਘੁੰਮਦੀ ਹੈ। ਜਿਸ ਦੀਆਂ ਸ਼ਿਕਾਰ ਗੁਰਦੇਈ ਅਤੇ ਸੁੰਦਰੀ ਹੋਈਆਂ ਹਨ।

ਨਾਵਲ ਵਿਚ ਪੇਸ਼ ਜਾਗੀਰਦਾਰੀ ਕੁਰੀਤੀਆਂ ਦੀ ਸ਼ਿਕਾਰ ਪਹਿਲੀ ਔਰਤ ਗੁਰਦੇਈ ਹੈ ਜਿਸ ਨੂੰ ਨਾਵਲਕਾਰ ਨੇ ਕੁਆਰੀ ਕੰਨਿਆ, ਸਧਵਾ, ਵਿਧਵਾ ਤੇ ਵੇਸਵਾ ਦੇ ਚਾਰ ਰੂਪ ਵਿਚ ਪੇਸ਼ ਕੀਤੀ ਹੈ। ਗੁਰਦੇਈ ਦੇ ਦੁੱਖਾਂ ਦੀ ਕਥਾ ਦਾ ਆਰੰਭ ਉਸ ਦੇ ਬਾਲਪਨ ਵਿਚ ਹੀ ਹੋ ਜਾਂਦਾ ਹੈ ਜਦੋਂ ਉਹ ਆਪਣੇ ਵੈਲੀ ਤੇ ਪਰੰਪਰਾਵਾਦੀ ਪਿਉ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀ ਹੈ। ਮਧਕਾਲੀ ਸੰਸਕਾਰਾਂ ਤੋਂ ਪ੍ਰੇਰਿਤ ਉਸ ਦਾ ਪਿਉ ਸਮਝਦਾ ਹੈ ਕਿ ਕੁੜੀਆਂ ਨੂੰ ਪੜ੍ਹਾਉਣਾ ਉਹਨਾਂ ਨੂੰ ਵਿਗਾੜਨਾ ਹੈ। ਜਿਸ ਕਰਕੇ ਗੁਰਦੇਈ ਅਨਪੜ੍ਹ ਰਹਿ ਜਾਂਦੀ ਹੈ, ਅਤੇ ਇਸ ਦੇ ਦੂਰ-ਰਸ ਸਿੱਟੇ ਨਿਕਲਦੇ ਹਨ।

ਗੁਰਦੇਈ ਦੇ ਪਿਤਾ ਨੇ ਆਪਣੇ ਵੈਲਾਂ ਦੀ ਪੂਰਤੀ ਲਈ ਗੁਰਦੇਈ ਦਾ ਵਿਆਹ ਉਸ ਤੋਂ ਵੱਡੀ ਉਮਰ ਜਿਸ ਨੂੰ ਦਮੇ ਜਾਂ ਸਾਹ ਦੀ ਬਿਮਾਰੀ ਸੀ। ਉਸ ਨਾਲ ਗੁਰਦੇਈ ਦਾ ਸੌਦਾ ਕਰ ਦਿੱਤਾ ਹੈ। ਕਿਸੇ ਜੁਆਨ-ਜਹਾਨ ਔਰਤ ਨੂੰ ਕਿਸੇ 'ਮਰ-ਗੈਣਾ' ਬੁੱਢੇ ਖੁੱਢ ਦੇ ਮਗਰ ਲਾ ਦੇਣਾ ਔਰਤ ਨਾਲ ਕਰਜ਼ਾ ਪੱਕਾ ਹੈ।

Signature ________

ਪਰ ਗੁਰਦੇਈ ਦੇ ਮਨ ਵਿਚ ਵੀ ਇਸ ਪੱਕੇ ਚਾਦਰਪੋਸ਼ੀ ਪ੍ਰਤਿਕਰਮ ਪੈਦਾ ਹੁੰਦਾ ਨਹੀਂ ਵਿਖਾਇਆ ਗਿਆ। ਵਿਰੋਧ ਨਾਹ- ਨੈਤਿਕਤਾ ਦੀ ਉਸ ਦੀ ਕੁਦਰਤੀ ਲੋੜ ਸਦੀਆਂ ਦੇ ਸਾਮੰਤੀ ਸੰਸਕਾਰਾਂ ਅਧੀਨ ਦਬ ਕੇ ਰਹਿ ਜਾਂਦੀ ਹੈ। ਗੁਰਦੇਈ ਦੇ ਬਿਰਧ- ਪਤੀ ਦੀ ਮੌਤ ਹੋ ਜਾਂਦੀ ਹੈ ਅਤੇ ਵਿਧਵਾ ਹੋਣ ਕਾਰਨ ਉਸਦੀ ਸਰੀਰਕ ਹੋਂਦ ਵੀ ਖਤਰੇ ਵਿਚ ਪੈ ਜਾਂਦੀ ਹੈ। ਸਮਾਜਿਕ ਕਾਨੂੰਨ ਅਨੁਸਾਰ ਹਿੰਦੂ ਵਿਧਵਾ ਦਾ ਆਪਣੇ ਪਤੀ ਦੀ ਜਾਇਦਾਦ ਉੱਤੇ ਹੱਕ ਹੁੰਦਾ ਹੈ। ਜਦ ਕਿ ਗੁਰਦੇਈ ਆਪਣੇ ਪਤੀ ਦੇ ਪੁੱਤਰ ਕਰਮਚੰਦ ਤੇ ਉਸ ਦੀ ਪਤਨੀ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀ ਹੈ।

ਗੁਰਦੇਈ ਜਦੋਂ ਆਪਣਾ ਜਾਇਦਾਦੀ ਹੱਕ ਲੈਣ ਵਿਚ ਅਸਮਰਥ ਹੋ ਜਾਂਦੀ ਹੈ। ਤਾਂ ਉਸ ਨੂੰ ਕੁੱਟ- ਮਾਰਕੇ, ਬੇਹੋਸ਼ ਕਰਕੇ ਝੱਖੜ ਵਾਲੀ ਰਾਤ ਬਾਹਰ ਸੁੱਟ ਦਿੱਤਾ ਜਾਂਦਾ ਹੈ। ਇਹ ਦੁੱਖ ਕੇ ਨਾਵਲਕਾਰ ਦੇ ਮਨ ਵਿਚ ਖਿਆਲ ਆਇਆ ਕਿ ਧਰਮ ਪ੍ਰਧਾਨ ਸਮਾਜ ਵਿਚ ਇਸਤਰੀ ਨੂੰ ਕਿਤੇ ਢੋਈ ਨਹੀਂ। ਪਰ ਗੁਰਦੇਈ ਦਾ ਅੰਤ ਇੱਥੇ ਹੀ ਖਤਮ ਨਹੀਂ ਹੁੰਦਾ। ਫਿਰ ਉਹ ਮੁਸਲਮਾਨ ਦੀ ਪਰਿਵਾਰ ਦੀ ਮੱਦਦ ਨਾਲ ਬਚ ਜਾਂਦੀ ਹੈ। ਗੁਰਦੇਈ ਜਦੋਂ ਠੀਕ ਹੋ ਜਾਂਦੀ ਹੈ ਤਾਂ ਉਹ ਆਪਣਾ ਹੱਕ ਲੈਣ ਲਈ ਕ ਪੰਡਿਤ ਰਾਧਾ ਕ੍ਰਿਸ਼ਨ ਕੋਲ ਆਉਂਦੀ ਹੈ। ਪਰ ਪੰਡਿਤ ਗੁਰਦੇਈ ਨੂੰ ਬਹਿਲਿਆ- ਫੁਸਲਿਆ ਗਹਿਣਾ- ਲੁੱਟ ਕੇ ਉਸ ਨੂੰ ਕਿਸੇ ਦਲਾਲ ਦੇ ਹੱਥ ਵੇਚ ਦਿੱਤੀ ਜਾਂਦੀ ਹੈ। ਜੋ ਅੱਗੋਂ ਗੁਰਦੇਈ ਨੂੰ ਤਾਰਾ ਚੰਦ ਕੋਲ ਵੇਚ ਦਿੰਦਾ ਹੈ। ਗੁਰਦੇਈ ਸ ਤਾਰਾ ਚੰਦ ਨੂੰ, ਮਜਬੂਰੀ ਵੱਸ ਹੀ ਸਹੀ, ਪਤੀ-ਰੂਪ ਵਿਚ ਪ੍ਰਵਾਨ ਕਰ ਲੈਂਦੀ ਹੈ। ਤਾਰਾ ਚੰਦ ਗੁਰਦੇਈ

ਨੂੰ ਕੁੱਟਦਾ-ਮਾਰਦਾ ਅਤੇ ਹਰ ਤਰ੍ਹਾਂ ਦੇ ਤਰੀਕੇ ਨਾਲ ਗੁਰਦੇਈ ਨੂੰ ਤੰਗ ਕਰਦਾ। ਇਸ ਪ੍ਰਕਾਰ ਨਾਵਲਕਾਰ ਵਿਧਵਾ ਵਿਆਹ ਦੇ ਹੱਕ ਵਿੱਚ ਬੋਲਦਾ ਹੈ ਜਦ ਕਿ ਉਸ ਸਮੇਂ ਵਿਧਵਾ ਵਿਆਹ ਸਮਾਜਿਕ ਕਾਨੂੰਨਾਂ ਦੇ ਉਲਟ ਸੀ। ਉਹ ਗੁਰਦੇਈ ਨੂੰ ਕਸੂਤ ਦੀਆਂ ਪੀੜਾਂ ਨਾਲ ਕੁਰਲਾਂਦੀ ਛੱਡ ਕੇ ਆਪ ਘਰ ਛੱਡ ਕੇ ਚਲਿਆ ਜਾਂਦਾ ਹੈ।

ਪੇਕਿਉਂ, ਸਹੁਰਿਉਂ, ਸਮਾਜੋਂ ਅਤੇ ਆਪਣੇ ਦੂਜੇ ਪਤੀ ਤੋਂ ਦੁਰਕਾਰੀ ਹੋਈ ਗੁਰਦੇਈ ਕੋਲ ਮੌਤ ਤੋਂ ਸਿਵਾ ਕੋਈ ਚਾਰਾ ਨਹੀਂ ਰਹਿਆ। ਫਿਰ ਇਕ ਛੋਟੇ ਜਿਹੇ ਬਦਮਾਸ਼ ਦੇ ਧੋਖੇ ਵਿਚ ਆ ਕੇ ਨਾ ਕੇਵਲ ਆਪਣੀ ਨਵਜੰਮੀ ਧੀ ਜ਼ਿੰਦਗੀ ਤੋਂ ਜੁਦਾ ਹੁੰਦੀ ਹੈ, ਪਰ ਗੁਰਦੇਈ ਕਾਮ ਭੁੱਖ ਦੀ ਤ੍ਰਿਪਤੀ ਲਈ ਉਸ ਦੀ ਦੇਹ ਕੋਠੇ ਦਾ ਸ਼ਿੰਗਾਰ ਬਣ ਕੇ ਵਿਕਣੀ ਸ਼ੁਰੂ ਹੋ ਜਾਂਦੀ ਹੈ। ਇਸ ਜੀਵਨ ਦੀ ਸੱਚੀ ਹਾਲਤ ਨੂੰ ਸਵੀਕਾਰ ਕਰਦੀ ਹੈ ਪਰ ਸਮਝੌਤਾ ਕਰਕੇ ਨਹੀਂ। ਤਾਂ ਜੋ ਉਹ ਆਪਣੇ ਵੈਰੀਆਂ ਤੋਂ ਬਦਲਾ ਲੈ ਸਕੇ। ਉਹ ਕਰਮਚੰਦ ਦੇ ਪੁੱਤਰ ਦੇ ਵਿਆਹ ਉੱਤੇ ਅਨਵਰ ਬਾਈ ਦੇ ਰੂਪ ਵਿਚ ਮੁਜਰਾ ਕਰਨ ਆਉਂਦੀ ਹੈ, ਮੌਕਾ ਪਾ ਕੇ ਉਹ ਕਰਮਚੰਦ ਅਤੇ ਪੰਡਿਤ ਰਾਧਾ ਕ੍ਰਿਸ਼ਨ ਨੂੰ ਮੌਤ ਦੇ ਘਾਟ ਉਤਾਰ ਦਿੰਦੀ ਹੈ ਅਤੇ ਪਿਛੋਂ ਆਪ ਖੁਦਕੁਸ਼ੀ ਕਰ ਲੈਂਦੀ ਹੈ।

ਗੁਰਦੇਈ ਦੀ ਝੋਲੀ ਵਿਚ ਵੱਟੇ ਪਾਉਣ ਵਾਲੇ ਰਾਧਾ ਕ੍ਰਿਸ਼ਨ ਦਾ ਚਿੱਤਰ ਸਾਡੇ ਸਮਾਜ ਦੀ ਧਾਰਮਿਕ ਹਾਲਤਾਂ ਤੋਂ ਪਰਦਾ ਚੁੱਕਣ ਲਈ ਪੇਸ਼ ਕੀਤਾ ਗਿਆ ਹੈ। ਇਹ ਵਿਹਲੜ ਸ਼ੈਤਾਨੀ ਆਪਣੇ ਸਮਾਜਿਕ

ਪਦਵੀ ਦਾ ਲਾਭ ਉਠਾ ਕੇ ਪਤੀ ਵਰਗ ਦੇ ਹਿਤਾਂ ਦੀ ਰਾਖੀ ਕਰਦੀ ਹੈ। ਪੰਡਿਤ ਰਾਧਾ ਕ੍ਰਿਸ਼ਨ ਨੂੰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਉਸ ਦਾ ਧਾਰਮਿਕ ਢੋਂਗ ਇਸਤਰੀਆਂ ਨੂੰ ਫਸਾਉਣ ਦਾ ਇਕ ਜਾਲ ਹੈ। ਪੰਡਿਤ ਰਾਧਾ ਕ੍ਰਿਸ਼ਨ ਮੁਜਰੇ ਵਿੱਚ ਨੰਗੇ ਮੂੰਹ ਸ਼ਰਾਬ ਪੀਂਦਾ ਹੈ। ਨਾਵਲ ਵਿਚ ਗੁਰਦੇਈ ਦੇ ਜੀਵਨ ਦੀ ਰਾਖੀ ਕਰਨ ਦੀ ਬਜਾਏ ਉਹ ਗੁਰਦੇਈ ਨੂੰ ਦਲਾਲ ਹੱਥੀਂ ਵੇਚ ਦਿੰਦਾ ਹੈ।

ਨਾਵਲ ਵਿਚ ਪੇਸ਼ ਜਾਗੀਰਦਾਰੀ ਅਤਿਆਚਾਰਾਂ ਦੀ ਸ਼ਿਕਾਰ ਦੂਜੀ ਔਰਤ ਨਾਇਕਾ ਸੁੰਦਰੀ ਹੈ। ਜਿਸ ਨੂੰ ਨਾਵਲਕਾਰ ਨੇ ਮਾਂ-ਬਾਪ ਦੇ ਮਿਲਾਪ ਵਿਚ ਤੜਫਦੀ ਹੋਈ, ਦਿਲੋਂ ਪਿਆਰ ਕਰਨ ਵਾਲੀ; ਮਾਸੂਮ ਅਤੇ ਉੱਚੇ ਆਚਰਣ ਦੇ ਰੂਪ ਵਿਚ ਪੇਸ਼ ਕੀਤਾ ਹੈ।

ਦੀਵਾਨਪੁਰ ਪਿੰਡ ਦੇ ਨੇੜੇ ਹੀ ਝੁੱਗੀ ਵਿੱਚ ਰੋਡੂ ਕਲੰਦਰ ਆਪਣੀ ਲੱਛੋ ਬਾਂਦਰੀ ਨਾਲ ਰਹਿੰਦਾ ਸੀ। ਉਥੇ ਹੀ ਨੇੜੇ ਉਸ ਨੂੰ ਝਾੜੀਆਂ ਕੋਲੋਂ ਸੁੰਦਰੀ ਮਿਲੀ ਸੀ। ਉਸ ਨੇ ਉਸ ਨੂੰ ਪਾਲ-ਪੋਸ ਕੇ ਵੱਡਾ ਕੀਤਾ। ਸੁੰਦਰੀ ਰੋਡੂ ਕਲੰਦਰ ਦੀ ਪਾਲਤੂ ਧੀ ਸੀ। ਹਿੰਦੂ ਵਰਣ-ਵਿਵਸਥਾ ਵਿਚ ਕਲੰਦਰ ਆਉਂਦੇ ਹੀ ਨਹੀਂ ਸਗੋਂ ਅਵਰਣ, ਚੰਡਾਲ ਜਾਂ ਅਛੂਤ ਵਰਗ ਦੇ ਸਮਝੇ ਜਾਂਦੇ ਹਨ। ਸੁੰਦਰੀ ਗੁਰਦੁਆਰੇ ਵਿੱਚ ਜਾ ਕੇ ਵਿੱਦਿਆ ਹੀ ਪ੍ਰਾਪਤ ਕਰ ਨਹੀਂ ਸਕਦੀ, ਇਸ ਕਰਕੇ ਸੁੰਦਰੀ ਨੇ ਚੋਰੀ-ਛੁਪਕੇ ਪੜ੍ਹਨਾ ਸ਼ੁਰੂ ਕਰ ਸਕਦਾ ਇੱਕਠਾ। ਦੀਵਾਨਪੁਰ ਦੇ ਬਚਨ ਸਿੰਘ ਆਉਣ ਤੇ ਉਸ ਨੇ ਸੁੰਦਰੀ ਨੂੰ ਪੜ੍ਹਨ ਵਿੱਚ ਮਦਦ ਕੀਤੀ। ਸੁੰਦਰੀ ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ